بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 08.07.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਰੱਬ ਦੀ ਮਿਹਰ ਨਾਲ ਭਾਰਤ ਵਿੱਚ ਵੀ ਹੁਣ ਜਮਾਤ ਦਾ ਪਰੀਚੈ ਵੱਖ ਵੱਖ ਸਾਧਨਾ ਰਾਹੀਂ ਹੋ ਰਿਹਾ ਹੈ ਪਰ ਜੋ ਕੰਮ ਕਰਨ ਵਾਲੇ ਹਨ ਜੋ ਜੀਵਨ ਵਕਫ਼ ਕਰਨ ਵਾਲੇ ਹਨ ਅਤੇ ਮੁਰੱਬੀ ਹਨ ਉਹਨਾਂ ਨੂੰ ਵਿਅਕਤੀਗੱਤ ਰੂਪ ਵਿੱਚ ਵੀ ਆਪਣੇ ਜਤਨਾਂ ਨੂੰ ਤੇਜ਼ ਕਰਨ ਦੀ ਲੋੜ ਹੈ । ਮਾਰਾਂ ਵੀ ਪੈਂਦੀਆਂ ਹਨ ਵਿਰੋਧਤਾ ਵੀ ਹੁੰਦੀ ਹੈ ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਦਾਨਾਈ ਨਾਲ ਆਪਣੇ ਪ੍ਰਚਾਰਕ ਕਾਰਜ ਨੂੰ ਅੱਗੇ ਵਧਾਉਂਣਾ ਹੈ ।

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 08 ਜੁਲਾਈ 2016 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਇਸ ਸਮੇਂ ਮੈਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੇ ਹਵਾਲੇ ਨਾਲ ਕੁਝ ਗੱਲਾਂ ਪੇਸ਼ ਕਰਾਂਗਾ ਜੋ ਆਪਣੇ ਅੰਦਰ ਇਕ ਨਸੀਹਤ ਤੇ ਸਿੱਖਿਆ ਰਖੱਦੀਆਂ ਹਨ । ਕੁਝ ਗਲੱਾਂ ਆਪਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਹਵਾਲੇ ਨਾਲ ਵੀ ਵਰਨਣ ਕੀਤੀਆਂ ਹਨ । ਪਹਿਲੀ ਗੱਲ ਪ੍ਰਚਾਰ ਦੇ ਹਵਾਲੇ ਨਾਲ ਇਹ ਹੈ ਜਿਸ ਵਿੱਚ ਹਜ਼ਰਤ ਮੁਸਲਿਹ ਮੌਊਦ ਨੇ ਪਾਰਟੀਸ਼ਨ ਦੇ ਬਾਦ ਕਾਦੀਆਂ ਦੀ ਜਮਾਤ ਨੂੰ ਜਲਸਾ ਸਾਲਾਨਾ ਉਪੱਰ ਇਹ ਸੰਦੇਸ਼ ਭੇਜਿਆ ਸੀ । ਉਸ ਵਿੱਚ ਧਿਆਨ ਦੁਆਇਆ ਸੀ ਕਿ ਆਪ ਲੋਕਾਂ ਦਾ ਕਾਰਜ ਹੈ ਕਿ ਪ੍ਰਚਾਰ ਕਰਨ ਅਤੇ ਇਸ ਪੱਖੋਂ ਬਹੁਤ ਮਿਹਨਤ ਦੀ ਲੋੜ ਹੈ । ਬੇਸ਼ਕ ਅਲੱਾਹ ਤਆਲਾ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਇਲਹਾਮ ਰਾਹੀਂ ਕਿਹਾ ਸੀ ਕਿ 'ਮੈਂ ਤੇਰੀ ਤਬਲੀਗ਼ ਨੂੰ ਜ਼ਮੀਨ ਦੇ ਕੰਢਿਆਂ ਤੱਕ ਪਹੁੰਚਾਵਾਂਗਾ' ਪਰ ਇਸ ਦੇ ਨਾਲ ਹੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੀ ਜਮਾਤ ਦੇ ਲੋਕਾਂ ਨੂੰ ਪ੍ਰਚਾਰ ਵੱਲ ਧਿਆਨ ਦੁਆਇਆ ਹੈ ਕਿ ਮੇਰੀਆਂ ਕਿਤਾਬਾਂ ਵਿੱਚੋਂ ਗਿਆਨ ਵੀ ਹਾਸਲ ਕਰੋ ਅਤੇ ਪ੍ਰਚਾਰ ਕਰੋ ਜਿਵੇਂ ਹਜ਼ਰਤ ਮੁਹੰਮਦ ਸਲਲੱਾਹੁ ਅਲੈਹਿ ਵਸਲਅਮ ਦੇ ਸਹਾਬਾ ਪ੍ਰਚਾਰ ਕਰਿਆ ਕਰਦੇ ਸਨ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੇ ਸੰਦੇਸ਼ ਦਾ ਉਹ ਭਾਗ ਪੇਸ਼ ਕਰਦਾ ਹਾਂ ਜੋ ਪ੍ਰਚਾਰ ਬਾਰੇ ਸੀ । ਕਾਦੀਆਂ ਵਿੱਚ ਅਹਮਦੀਆਂ ਦੀ ਥੋੜੀ ਗਿਣਤੀ ਤੇ ਸੀਮਤ ਸਾਧਨ ਹੁੰਦਿਆਂ ਹੋਇਆ ਵੀ ਤੇ ਥੋੜੇ ਰਹਿ ਜਾਣ ਦੇ ਬਾਦ ਵੀ ਇਸ ਮਹਤੱਵ ਪੂਰਨ ਕਰਤਵ ਵੱਲ ਆਪਨੇ ਧਿਆਨ ਦੁਆਇਆ ਹੈ ਅਤੇ ਦਰਵੇਸ਼ਾਂ ਨੂੰ ਹੌਂਸਲਾ ਵੀ ਦੁਆਇਆ ਅਤੇ ਉਹਨਾਂ ਨੂੰ ਹੌਂਸਲਾ ਦੁਆਉਣ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਅਰੰਭਕ ਜ਼ਮਾਨੇ ਦਾ ਹਵਾਲਾ ਦਿਤੱਾ । ਆਪ ਫ਼ਰਮਾਉਂਦੇ ਹਨ ਕਿ ਬੇਸ਼ਕ ਤੁਹਾਡੀ ਗਿਣਤੀ ਤਿੰਨ ਸੌ ਤੇਰ੍ਹਾਂ ਹੈ ਪਰ ਤੁਸੀਂ ਇਸ ਗੱਲ

ਨੂੰ ਨਹੀਂ ਭੁੱਲੇ ਹੋਵੋਗੇ ਕਿ ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕਾਦੀਆਂ ਵਿੱਚ ਰੱਬ ਦੇ ਦੱਸੇ ਹੋਏ ਕੰਮ ਨੂੰ ਅਰੰਭ ਕੀਤਾ ਸੀ ਤਾਂ ਉਸ ਸਮੇਂ ਕਾਦੀਆਂ ਵਿੱਚ ਅਹਮਦੀਆਂ ਦੀ ਗਿਣਤੀ ਕੇਵਲ ਦੋ ਤਿੰਨ ਸੀ । ਤਿੰਨ ਸੌ ਵਿਅਕਤੀ ਨਿਰਸੰਦੇਹ ਤਿੰਨ ਤੋਂ ਅਧਿਕ ਹੁੰਦੇ ਹਨ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਦਾਵੇ ਦੇ ਸਮੇਂ ਕਾਦੀਆਂ ਦੀ ਅਬਾਦੀ ਗਿਅਰ੍ਹਾਂ ਸੌ ਸੀ । ਗਿਆਰ੍ਹਾਂ ਸੌ ਤੇ ਤਿੰਨ ਦਾ ਅਨੁਪਾਤ 1/366 ਦਾ ਹੁੰਦਾ ਹੈ ਅਰਥਾਤ ਇਕ ਦੇ ਟਾਕਰੇ'ਤੇ ਤਿੰਨ ਸੌ ਛਿਹਾਟ (366) ਲੋਕ । ਜੇਕਰ ਇਸ ਸਮੇਂ ਜੱਦ ਇਹ ਸੰਦੇਸ਼ ਆਪ ਨੂੰ ਭੇਜ ਰਹੇ ਹਾਂ ਇਸ ਸਮੇਂ ਕਾਦੀਆਂ ਦੀ ਅਬਾਦੀ ਬਾਰ੍ਹਾਂ ਹਜ਼ਾਰ ਸਮਝੀ ਜਾਵੇ ਤਾਂ ਵਰਤਮਾਨ ਅਹਮਦੀਆਂ ਦੀ ਅਬਾਦੀ ਦਾ ਅਨੁਪਾਤ ਬਾਕੀ ਕਾਦੀਆਂ ਦੇ ਲੋਕਾਂ ਤੋਂ 1/36 ਹੁੰਦਾ ਹੈ ਅਰਥਾਤ ਛੱਤੀਆਂ ਦੇ ਟਾਕਰ'ਤੇ ਇਕ ਅਹਮਦੀ ਅਤੇ ਪਹਿਲਾਂ ਇਕ ਅਹਮਦੀ ਤਿੰਨ ਸੌ ਛਿਹਾਟ ਦੇ ਟਾਕਰੇ'ਤੇ ਸੀ । ਭਾਵ ਜਿਸ ਸਮੇਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕੰਮ ਅਰੰਭ ਕੀਤਾ ਉਸ ਸਮੇਂ ਤੋਂ ਹੁਣ ਆਪ ਦੀ ਤਾਕਤ ਦੱਸ ਗੁਣਾ ਅਧਿਕ ਹੈ ਫਿਰ ਜਿਸ ਸਮੇਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕੰਮ ਅਰੰਭ ਕੀਤਾ ਉਸ ਸਮੇਂ ਕਾਦੀਆਂ ਤੋਂ ਬਾਹਰ ਕੋਈ ਅਹਮਦੀਆ ਜਮਾਤ ਨਹੀਂ ਸੀ ਪਰ ਹੁਣ ਭਾਰਤ ਵਿੱਚ ਅਨੇਕਾਂ ਥਾਵਾਂ ਉਪੱਰ ਅਹਮਦੀਆਂ ਜਮਾਤਾਂ ਕਾਇਮ ਹਨ । ਉਹਨਾਂ ਜਮਾਤਂ ਨੂੰ ਜਗਾਉਂਣਾ, ਵਿਵਸਥਤ ਕਰਨਾ ਤੇ ਸੰਗਠਿਤ ਕਰਨਾ ਇਕ ਨਵੇਂ ਨਿਸ਼ਚੇ ਨਾਲ ਖੜਾ ਕਰਨਾ ਅਤੇ ਇਸ ਇਰਾਦੇ ਨਾਲ ਉਹਾਨਂ ਦੀਆਂ ਤਾਕਤਾਂ ਨੂੰ ਇਕਤੱਰ ਕਰਨਾ ਕਿ ਉਹ ਇਸਲਾਮ ਅਤੇ ਅਹਮਦੀਅਤ ਦੇ ਪ੍ਰਚਾਰ ਨੂੰ ਭਾਰਤ ਦੇ ਚੌਹਾਂ ਪਾਸਿਆਂ ਵਿੱਚ ਫ਼ੈਲਾ ਦੇਵੇ ਇਹ ਆਪ ਲੋਕਾਂ ਦਾ ਹੀ ਕੰਮ ਹੈ । ਇਹੋ ਅਨੁਪਾਤ ਸ਼ਾਇਦ ਅੱਜਕਲ ਦੀ ਕਾਦੀਆਂ ਦੀ ਅਬਾਦੀ ਦਾ ਹੋਵੇ । ਜੇਕਰ ਅਹਮਦੀ ਹਜ਼ਾਰਾਂ ਵਿੱਚ ਹਨ ਤਾਂ ਓਥੇ ਵੀ ਗਿਣਤੀ ਵਧੀ ਹੋਵੇਗੀ, ਸ੍ਰੋਤ (ਵਸੀਲੇ) ਵੀ ਪਹਿਲਾਂ ਤੋਂ ਬਹੁਤ ਚੰਗੇ ਹਨ ਅਤੇ ਸਾਧਨ ਵੀ ਸਾਡੇ ਰੱਬ ਦੀ ਮਿਹਰ ਨਾਲ ਬਹੁਤ ਅਧਿਕ ਹਨ । ਰੱਬ ਦੀ ਮਿਹਰ ਨਾਲ ਭਾਰਤ ਵਿੱਚ ਹੁਣ ਜਮਾਤ ਦਾ ਪਰੀਚੈ ਵੀ ਵੱਖ ਵੱਖ ਸਾਧਨਾ ਨਾਲ ਹੋ ਰਿਹਾ ਹੈ ਪਰ ਜੋ ਕੰਮ ਕਰਨ ਵਾਲੇ ਹਨ ਜੋ ਜੀਵਨ ਵਕਫ਼ ਕਰਨ ਵਾਲੇ ਹਨ ਅਤੇ ਮੁਰੱਬੀ ਹਨ ਉਹਨਾਂ ਨੂੰ ਵਿਅਕਤੀਗੱਤ ਰੂਪ ਵਿੱਚ ਵੀ ਆਪਣੇ ਜਤਨਾਂ ਨੂੰ ਤੇਜ਼ ਕਰਨ ਦੀ ਲੋੜ ਹੈ । ਮਾਰਾਂ ਵੀ ਪੈਂਦੀਆਂ ਹਨ ਵਿਰੋਧਤਾਵਾਂ ਵੀ ਹੁੰਦੀਆਂ ਹਨ ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਅਸੀਂ ਦਾਨਾਈ ਨਾਲ ਆਪਣੇ ਪ੍ਰਚਾਰ ਦੇ ਕੰਮ ਨੂੰ ਅੱਗੇ ਵਧਾਉਂਣਾ ਹੈ । ਇੰਸ਼ਾਅਲੱਾਹ । ਇਸ ਗੱਲ ਨੂੰ ਦੁਨੀਆ ਦੇ ਬਾਕੀ ਦੇਸ਼ਾਂ ਨੂੰ ਵੀ ਸਾਹਮਣੇ ਰਖੱਣਾ ਚਾਹੀਦਾ ਹੈ ਕਿ ਅਲੱਾਹ ਤਆਲਾ ਨੇ ਪ੍ਰਚਾਰ ਦੇ ਕੰਮ ਨੂੰ ਕਰਨ ਤੇ ਉਸ ਨੂੰ ਵਿਸਥਾਰ ਦੇਣ ਦੀ ਸਾਨੂੰ ਹਿਦਾਇਤ ਦਿੱਤੀ ਹੈ ਇਹ ਕੁਰਆਨ ਕਰੀਮ ਦਾ ਵੀ ਆਦੇਸ਼ ਹੈ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੀ ਇਹੋ ਫ਼ਰਮਾਇਆ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੂੰ ਰੱਬ ਨੇ ਇਹੋ ਹਕੁਮ ਦਿਤੱਾ ਸੀ ਪਰ ਸਾਨੂੰ ਉਸ ਬਾਰੇ ਠੋਸ ਪਲਾਨਿੰਗ ਕਰਨ ਦੀ ਲੋੜ ਹੈ ਤਾਂ ਜੋ ਹਰ ਥਾਂ ਹਰ ਦੇਸ਼ ਵਿੱਚ ਇਸ ਕੰਮ ਨੂੰ ਹੋਰ ਫੈਲਾਇਆ ਜਾ ਸਕੇ ਅਤੇ ਫਿਰ ਪ੍ਰਚਾਰ ਦੇ ਨਾਲ ਨਾਲ ਉਹਨਾਂ ਲੋਕਾਂ ਨੂੰ ਵੀ ਸੰਭਾਲਣਾ ਵੀ ਇਕ ਬਹੁਤ ਵਡੱਾ ਕਾਰਜ ਹੈ ਜੋ ਬੈਅਤਾਂ ਕਰਕੇ ਜਮਾਤ ਵਿੱਚ ਸ਼ਾਮਲ ਹੁੰਦੇ ਹਨ ।

ਫਿਰ ਇਕ ਹੋਰ ਘਟਨਾ ਹਜ਼ਰਤ ਮੁਸਲਿਹ ਮੌਊਦ ਵਰਨਣ ਕਰਦੇ ਹਨ ਜੋ ਖ਼ਵਾਜਾ ਕਮਾਲੁੱਦੀਨ ਸਾਹਬ ਬਾਰੇ ਹੈ ਕਿ ਉਹਨਾਂ ਨੇ ਆਪਣੇ ਗਿਆਨ ਨੂੰ ਕਿਵੇਂ ਵਧਾਇਆ ਸੀ ਅਤੇ ਉਹਨਾਂ ਦੇ ਚੰਗੇ ਭਾਸ਼ਣਾ ਤੇ ਲੈਕਚਰਾਂ ਦਾ ਭੇਦ ਕੀ ਸੀ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਖ਼ਵਾਜਾ ਕਮਾਲੁੱਦੀਨ ਸਾਹਬ ਦੀ ਸਫ਼ਲਤਾ ਦਾ ਵਡੱਾ ਕਾਰਣ ਇਹੋ ਸੀ ਕਿ ਉਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕਿਤਾਬਾ ਦਾ ਅਧਿਐਨ ਕਰਕੇ ਭਾਸ਼ਣ ਤਿਆਰ ਕਰਦੇ ਸਨ ਫਿਰ ਕਾਦੀਆਂ ਆਕੇ ਕੁਝ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਤੋਂ ਪੁਛੱਦੇ ਅਤੇ ਕੁਝ

ਹੋਰਨਾ ਲੋਕਾਂ ਤੋਂ ਇਸ ਪ੍ਰਕਾਰ ਇਕ ਲੈਕਚਰ ਪੂਰਨ ਕਰ ਲੈਂਦੇ । ਫਿਰ ਉਸ ਨੂੰ ਲੈਕੇ ਭਾਰਤ ਦੇ ਵੱਖ ਵੱਖ ਸ਼ਹਿਰਾਂ ਦਾ ਦੌਰਾ ਕਰਦੇ ਅਤੇ ਬਹੁਤ ਸਫ਼ਲ ਹੁੰਦੇ । ਆਪ ਫ਼ਰਮਾਉਂਦੇ ਹਨ ਕਿ ਚਾਹੀਦਾ ਦਾ ਵੀ ਇਸੇ ਪ੍ਰਕਾਰ ਹੈ ਕਿ ਜੋ ਲੈਕਚਰਰ ਹੋਣ ਉਹਨਾਂ ਨੂੰ ਉਚਿਤ ਲੇਖ ਤਿਆਰ ਕਰਕੇ ਦਿੱਤੇ ਜਾਣ ਅਤੇ ਉਹ ਬਾਹਰ ਜਾਕੇ ਉਹੋ ਲੈਕਚਰ ਦੇਣ । ਇਸ ਦਾ ਸਿਟਾ ਇਹ ਹੋਵੇਗਾ ਕਿ ਜਮਾਤ ਦੇ ਉਦੇਸ਼ ਅਨੁਸਾਰ ਭਾਸ਼ਣ ਹੋਣਗੇ ਅਤੇ ਸਾਨੂੰ ਏਥੇ ਬੈਠੇ ਬੈਠੇ ਪਤਾ ਹੋਵੇਗਾ ਕਿ ਉਹਨਾਂ ਨੇ ਕੀ ਬੋਲਣਾ ਹੈ । ਅਸਲ ਲੈਕਚਰ ਉਹੋ ਹੋਣਗੇ । ਇਸ ਤੋਂ ਬਿਨਾ ਜੇਕਰ ਸਥਾਨਕ ਤੌਰ'ਤੇ ਲੋੜ ਹੋਵੇ ਤਾਂ ਸਹਾਇਕ ਪੱਖੀ ਲੈਕਚਰਾਂ ਦੇ ਰੂਪ ਵਿੱਚ ਉਹ ਹੋਰ ਕੁਝ ਕਿਸੇ ਵਿਸ਼ੇ ਉਪੱਰ ਵੀ ਬੋਲ ਸਕਦੇ ਹਨ ।

ਸੋ, ਇਹ ਮਾਰਗ ਦਰਸ਼ੀ ਉਸੂਲ ਮੁਬਲੱਗ਼ਾਂ ਲਈ ਵੀ ਹੈ ਅਤੇ ਦਾਈਨ ਇਲਲੱਾਹ ਲਈ ਵੀ ਅਤੇ ਉਹਨਾਂ ਲੋਕਾਂ ਲਈ ਵੀ ਜੋ ਵਿਦਿਅਕ ਬੈਠਕਾਂ ਵਿੱਚ ਜਾਂਦੇ ਹਨ । ਜੇਕਰ ਲੈਕਚਰ ਇਸ ਪ੍ਰਕਾਰ ਤਿਆਰ ਕੀਤਾ ਗਿਆ ਹੋਵੇ ਤਾਂ ਵੱਡੇ ਵੱਡੇ ਪ੍ਰੋਫ਼ੈਸਰ ਤੇ ਕਈ ਅਜਿਹੇ ਤਥਾਕਥਿਤ ਧਰਮ ਦੇ ਵਿਦਵਾਨ ਅਤੇ ਕਈ ਅਜਿਹੇ ਲੋਕ ਵੀ ਜੋ ਧਰਮ'ਤੇ ਇਤਰਾਜ਼ ਵੀ ਕਰਦੇ ਹਨ ਉਹ ਵੀ ਪ੍ਰਭਾਵਤ ਹੁੰਦੇ ਹਨ । ਇਸ ਤੋਂ ਬਿਨਾਂ ਇਹ ਗੱਲ ਵੀ ਚੇਤੇ ਰਖੱਣੀ ਚਾਹੀਦੀ ਹੈ ਕਿ ਮੁਰੱਬੀਆਂ ਤੇ ਮੁਬੱਲਗ਼ਾਂ ਨੂੰ ਜਿਵੇਂ ਜਮਾਤਾਂ ਨੂੰ ਦੇਖਣਾ ਚਾਹੀਦਾ ਹੈ ਉਹ ਉਸ ਪ੍ਰਕਾਰ ਕਈ ਥਾਵਾਂ ਉਪੱਰ ਨਹੀਂ ਦੇਖੇ ਜਾਂਦੇ ਅਰਥਾਤ ਜਮਾਤ ਦੇ ਜੋ ਲੋਕ ਹਨ ਉਹ ਆਪਣੇ ਮੁਰੱਬੀਆਂ ਤੇ ਮੁਬਲੱਗ਼ਾਂ ਦਾ ਇਸ ਪ੍ਰਕਾਰ ਖ਼ਿਆਲ ਨਹੀਂ ਰਖੱਦੇ ਜਿਵੇਂ ਰਖੱਣਾ ਚਾਹੀਦਾ ਹੈ, ਇਸ ਬਾਰੇ ਕਈ ਥਾਵਾਂ ਤੋਂ ਸ਼ਿਕਾਇਤਾਂ ਹੁਣ ਵੀ ਆਉਂਦੀਆਂ ਹਨ ਪਰ ਇਸ ਦੇ ਨਾਲ ਹੀ ਇਹ ਗੱਲ ਵੀ ਕਹਾਂ ਗਾ ਕਿ ਮੁਰੱਬੀਆਂ ਤੇ ਮੁਬਲੱਗ਼ਾਂ ਉਪੱਰ ਜ਼ਿੰਮੇਦਾਰੀ ਵੀ ਹੈ ਅਤੇ ਇਹ ਗੱਲ ਉਹਨਾ'ਤੇ ਇਹ ਜ਼ਿੰਮੇਦਾਰੀ ਵੀ ਪਾਉਂਦੀ ਹੈ ਕਿ ਉਹਨਾਂ ਨੂੰ ਜਮਾਤ ਵਿੱਚ ਆਪਣਾ ਵਕਾਰ ਕਇਮ ਰਖੱਣ ਲਈ ਗਿਆਨ ਤੇ ਰੂਹਾਨੀ ਪੱਖੋਂ ਉਚੱਾ ਅਸਥਾਨ ਪ੍ਰਾਪਤ ਕਰਨ ਦਾ ਜਤਨ ਕਰਨਾ ਚਾਹੀਦਾ ਹੈ ਤਾਂ ਜੋ ਕਦੇ ਵੀ ਕਿਸੇ ਜਮਾਤ ਦੇ ਕਿਸੇ ਵਿਅਕਤੀ ਨੂੰ ਉਨਹਾਂ ਬਾਰੇ ਕਿਸੇ ਪ੍ਰਕਾਰ ਦੀ ਗ਼ਲਤ ਗੱਲ ਕਹਿਣ ਦੀ ਜੁਰੱਤ ਹੀ ਨਾ ਹੋਵੇ । ਕਈ ਥਾਵਾਂ'ਤੇ ਕੁਝ ਪ੍ਰਬੰਧਕੀ ਲੋਕ ਮੁਰੱਬੀਆਂ ਬਾਰੇ ਗ਼ਲਤ ਗੱਲਾਂ ਕਰ ਜਾਂਦੇ ਹਨ, ਜਿੱਥੇ ਮੁਰੱਬੀ ਸੁਧਾਰ ਕਰਨ ਦਾ ਜਤਨ ਕਰਦਾ ਹੈ ਓਥੇ ਉਸ ਦੇ ਵਿਰੁਧ ਗਲੱਾਂ ਕਰਨੀਆਂ ਸ਼ੁਰੂ ਕਰ ਦਿੰਦੇ ਹਨ ।

ਫਿਰ ਦੁਆ ਦੀ ਪਰਵਾਨਗੀ ਦਾ ਭੇਦ ਹੈ ਅਤੇ ਇਸ ਹਿਕਮਤ (ਦਾਨਾਈ) ਨੂੰ ਦੱਸਦਿਆਂ ਹੋਇਆਂ ਆਪ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਸ ਪ੍ਰਕਾਰ ਦੇ ਨਿਸ਼ਾਨ (ਚਮਤਕਾਰ) ਦਿਖਾਉਣ ਆਏ ਸਨ ਅਤੇ ਅਜਿਹੇ ਬੰਦੇ ਪੈਦਾ ਕਰਨਾ ਆਪ ਦਾ ਇਕ ਮੰਤਵ ਸੀ ਜਿੰਨ੍ਹਾ ਦੀਆਂ ਦੁਆਵਾਂ ਨਾਲ ਅਲੱਾਹ ਤਆਲਾ ਵੱਡੇ ਵੱਡੇ ਇਨਕਲਾਬ ਪੈਦਾ ਕਰ ਦੇਵੇ । ਪਰ ਇਸ ਦੇ ਇਹ ਅਰਥ ਵੀ ਨਹੀਂ ਕਿ ਰੱਬ ਹਰ ਦੁਆ ਨੂੰ ਅਵਸ਼ ਹੀ ਕੁਬੂਲ ਕਰ ਲੈਂਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਸਾਹਿਬਜ਼ਾਦਾ ਮੁਬਾਰਕ ਅਹਮਦ ਫ਼ੌਤ ਹੋਇਆ, ਮੌਲਵੀ ਅਬਦੁਲ ਕਰੀਮ ਸਾਹਬ ਫ਼ੌਤ ਹੋਏ । ਆਪ ਨੇ ਬਹੁਤ ਦੁਆਵਾਂ ਕੀਤੀਆਂ ਪਰ ਉਹ ਫ਼ੌਤ ਹੋ ਗਏ ਅਤੇ ਇਹ ਵੀ ਆਪ ਦਾ ਇਕ ਨਿਸ਼ਾਨ ਹੈ ਕਿਉਂਕਿ ਮਿਰਜ਼ਾ ਮੁਬਾਰਕ ਅਹਮਦ ਸਾਹਬ ਬਾਰੇ ਆਪਨੇ ਸਮੇਂ ਤੋਂ ਪਹਿਲਾਂ ਦੱਸ ਦਿਤੱਾ ਸੀ ਅਤੇ ਜੱਦ ਕੋਈ ਗੱਲ ਸਮੇਂ ਤੋਂ ਪਹਿਲਾਂ ਕਹਿ ਦਿੱਤੀ ਜਾਂਦੀ ਹੈ ਤਾਂ ਉਹ ਨਿਸ਼ਾਨ (ਚਮਤਕਾਰ) ਬਣ ਜਾਂਦੀ ਹੈ । ਸੋ, ਨ ਤਾਂ ਇਹ ਹੁੰਦਾ ਹੈ ਕਿ ਸਾਰੀਆਂ ਦੁਆਵਾਂ ਕੁਬੂਲ ਹੋ ਜਾਂਦੀਆਂ ਹਨ ਅਤੇ ਨ ਹੀ ਇਹ ਕਿ ਹਰ ਦੁਆ ਰੱਦ ਹੁੰਦੀ ਹੈ । ਹਾਂ ਜੋ ਦੁਆਵਾਂ ਕੁਬੂਲ ਕਰਨ ਦਾ ਰੱਬ ਫ਼ੈਸਲਾ ਕਰੇ ਉਹ ਅਵਸ਼ ਕੁਬੂਲ ਹੁੰਦੀ ਹੈ ਉਸ ਨੂੰ ਕੋਈ ਰੱਦ ਨਹੀਂ ਕਰ ਸਕਦਾ ।

ਹਜ਼ੂਰ ਨੇ ਫ਼ਰਮਾਇਆ : ਕੁਝ ਛੋਟੀਆਂ ਛੋਟੀਆਂ ਹੋਰ ਗਲੱਾਂ ਹਨ ਉਧਾਰਣਾ ਹਨ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਹਵਾਲੇ ਨਾਲ ਜੋ ਆਪ ਨੇ ਵਰਨਣ ਕੀਤੀਆਂ । ਇਸ ਵਿੱਚ ਇਕ ਕੁਬੜੀ ਦੀ ਉਧਾਰਣ ਹੈ ।

ਹਜ਼ਰਤ ਸਾਹਬ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਕੁਬੜੀ ਦੀ ਉਧਾਰਣ ਸੁਣਾਇਆ ਕਰਦੇ ਸਨ ਕਿ ਉਸ ਦੇ ਲੱਕ ਦਾ ਕੁੱਬ ਨਿਕਲਿਆ ਹੋਇਆ ਸੀ । ਉਸ ਨੂੰ ਕਿਸੇ ਨੇ ਪੁੱਛਿਆ ਕਿ ਦੱਸ ਤੂੰ ਇਹ ਚਾਹੁੰਦੀ ਹੈਂ ਕਿ ਤੇਰਾ ਲੱਕ ਸਿਧੱਾ ਹੋ ਜਾਵੇ ਜਾਂ ਬਾਕੀ ਲੋਕ ਵੀ ਕੁਬੜੇ ਹੋ ਜਾਣ । ਸੋ, ਜਿਵੇਂ ਕਿ ਕੁਝ ਸੁਭਾਵ ਹੱਠੀ ਹੁੰਦੇ ਹਨ, ਈਰਖਾ ਵੀ ਰਖੱਦੇ ਹਨ । ਉਸ ਨੇ ਅੱਗੋਂ ਇਹ ਉਤੱਰ ਦਿੱਤਾ ਕਿ ਮੁਦੱਤਾਂ ਹੋਈਆਂ ਮੈਂ ਕੁਬੜੀ ਹੀ ਰਹੀ ਅਤੇ ਲੋਕ ਮੇਰੇ ਕੁਬੜੇਪਨ'ਤੇ ਹਸੱਦੇ ਰਹੇ ਤੇ ਮਖ਼ੌਲ ਉਡਾਉਂਦੇ ਰਹੇ, ਹੁਣ ਤਾਂ ਇਹ ਸਿੱਧੀ ਹੋਰ ਤੋਂ ਰਹੀ, ਇਹ ਤਾਂ ਅਜਿਹਾ ਹੀ ਰਹਿਣਾ ਹੈ ਹੁਣ ਤਾਂ ਮੈਂ ਬੁੱਢੀ ਹੋ ਗਈ ਹਾਂ । ਹੁਣ ਤਾਂ ਮਜ਼ਾ ਤਾਂ ਹੈ ਜੇਕਰ ਇਹ ਸਾਰੇ ਲੋਕ ਵੀ ਕੁਬੜੇ ਹੋਣ ਅਤੇ ਮੈਂ ਵੀ ਇਹਨਾ'ਤੇ ਹੱਸਕੇ ਠੰਡ ਪਾਵਾਂ । ਹੁਣ ਕਹਿੰਦੇ ਹਨ ਕਿ ਇਸ ਪ੍ਰਕਾਰ ਦੀਆਂ ਕੁਝ ਈਰਖਾਲੂ ਸੁਭਾਵ ਹੁੰਦੇ ਹਨ, ਉਹਨਾ ਨੂੰ ਇਸ ਤੋਂ ਕੋਈ ਗ਼ਰਜ਼ ਨਹੀਂ ਹੁੰਦੀ ਕਿ ਉਹਨਾਂ ਦਾ ਦੁੱਖ ਦੂਰ ਹੋ ਜਾਵੇ ਸਗੋਂ ਉਹ ਇਹ ਚਾਹੁੰਦੇ ਹਨ ਦੂਜਾ ਦੁੱਖ ਵਿੱਚ ਗ੍ਰਿੱਸਿਆ ਜਾਵੇ । ਸੋ, ਅਜਿਹੇ ਈਰਖਾਲੂਆਂ ਤੋਂ ਵੀ ਬਚਣ ਦੀ ਸਾਨੂੰ ਹਰ ਇਕ ਨੂੰ ਦੁਆ ਕਰਦੇ ਰਹਿਣਾ ਚਾਹੀਦਾ ਹੈ ਅਤੇ ਅਜਿਹੀ ਈਰਖਾ ਲਈ ਇਹ ਵੀ ਦੁਆ ਕਰਨੀ ਚਾਹੀਦੀ ਹੈ ਕਿ ਸਾਡੀ ਵੀ ਕਦੇ ਅਜਿਹੇ ਈਰਖਾਲੂਆਂ ਵਿੱਚ ਗਿਣਤੀ ਨ ਹੋਵੇ ਜੋ ਇਸ ਪ੍ਰਕਾਰ ਦੀਆਂ ਗਲੱਾਂ ਕਰਨ ਵਾਲੇ ਹੋਣ ।

ਫ਼ਿਰ ਇਕ ਅੰਨ੍ਹੇ ਦੀ ਕਹਾਵਤ ਹੈ ਵਰਨਣ ਕਰਦਿਆਂ ਆਪ ਨੇ ਫ਼ਰਮਾਇਆ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸੁਣਾਇਆ ਕਰਦੇ ਸਨ ਕਿ ਕੋਈ ਅੰਨ੍ਹਾ ਸੀ ਜੋ ਰਾਤ ਸਮੇਂ ਕਿਸੇ ਦੂਜੇ ਨਾਲ ਗਲੱਾਂ ਕਰ ਰਿਹਾ ਸੀ ਅਤੇ ਇਕ ਵਿਅਕਤੀ ਦੀ ਨੀਂਦ ਖ਼ਰਾਬ ਹੋ ਰਹੀ ਸੀ ਉਹ ਕਹਿਣ ਲਗੱਾ ਹਾਫ਼ਜ਼ ਜੀ ਸੌਂ ਜਾਓ । ਹਾਫ਼ਜ਼ ਸਾਹਬ ਕਹਿਣ ਲੱਗੇ ਸਾਡਾ ਸੌਣਾ ਕੀ ਹੈ, ਚੁੱਪ ਹੀ ਹੋ ਜਾਣਾ ਹੈ । ਮਤਲਬ ਇਹ ਸੀ ਕਿ ਸੌਣਾ ਅੱਖਾਂ ਬੰਦ ਕਰਕੇ ਚੁਪ ਹੋ ਜਾਣ ਦਾ ਨਾਂ ਹੁੰਦਾ ਹੈ । ਮੇਰੀਆਂ ਅਖੱਾਂ ਤਾਂ ਪਹਿਲਾਂ ਹੀ ਬੰਦ ਹਨ ਹੁਣ ਚੁੱਪ ਹੀ ਹੋ ਜਾਣਾ ਹੈ ਹੋਰ ਕੀ ਹੈ, ਸੋ ਮੈਂ ਹੋ ਜਾਂਦਾ ਹਾਂ । ਆਪ ਫ਼ਰਮਾਉਂਦੇ ਹਨ ਕਿ ਮੋਮਿਨ ਲਈ ਇਹ ਅਵਸਥਾ ਜੋ ਦੁੱਖ ਦੀ ਹੁੰਦੀ ਹੈ, ਇਹ ਦੁੱਖ ਦਾ ਸਬਬ ਨਹੀਂ ਹੋ ਸਕਦੇ ਕਿਉਂਕਿ ਉਹ ਕਹਿੰਦਾ ਹੈ ਕਿ ਮੈਂ ਤਾਂ ਪਹਿਲਾਂ ਹੀ ਇਹਨਾਂ ਹਾਲਾਤਾਂ ਦਾ ਆਦੀ ਸੀ ਆਦੀ ਹਾਂ । ਜਿਵੇਂ ਮੋਮਿਨ ਨੂੰ ਦੁਨੀਆਂ ਮਾਰਨਾ ਚਾਹੁੰਦੀ ਹੈ ਤਾਂ ਕਹਿੰਦਾ ਹੈ ਕਿ ਮੈਂਨੂੰ ਮਾਰਕੇ ਕੀ ਕਰ ਲਓਗੇ ਮੈਂ ਤਾਂ ਪਹਿਲਾਂ ਹੀ ਰੱਬ ਲਈ ਮਰਿਆ ਹੋਇਆ ਹਾਂ ਇਸ ਗੱਲ ਲਈ ਤਿਆਰ ਹਾਂ ਕਿ ਜੋ ਰੱਬ ਚਾਹੇ ਮੈਂ ਕਰਾਂ । ਇਸ ਲਈ ਜਾਨ ਵੀ ਮੇਰੀ ਹਾਜ਼ਰ ਹੈ । ਆਪ ਫ਼ਰਮਾਉਂਦੇ ਹਨ ਕਿ ਦੁਨੀਆ ਮੌਤ ਤੋਂ ਘਬਰਾਉਂਦੀ ਹੈਂ ਪਰ ਇਕ ਮੋਮਿਨ ਨੂੰ ਜੱਦ ਦੁਨੀਆ ਮਾਰਨਾ ਚਾਹੁੰਦੀ ਹੈ ਤਾਂ ਕੁਝ ਵੀ ਨਹੀਂ ਘਬਰਾਉਂਦਾ ਅਤੇ ਕਹਿੰਦਾ ਹੈ ਕਿ ਮੈਂ ਤਾਂ ਉਸੇ ਦਿਨ ਮਰ ਗਿਆ ਸੀ ਜਿਸ ਦਿਨ ਮੈਂ ਇਸਲਾਮ ਕੁਬੂਲ ਕੀਤਾ ਸੀ ਅੰਤਰ ਕੇਵਲ ਐਨ੍ਹਾ ਸੀ ਕਿ ਪਹਿਲਾਂ ਮੈਂ ਚਲਦਾ ਫਿਰਦਾ ਮੁਰਦਾ ਸੀ ਅਤੇ ਹੁਣ ਤੁਸੀਂ ਮੈਂਨੂੰ ਧਰਤੀ ਵਿੱਚ ਦਫ਼ਨ ਕਰ ਦਿਓਗੇ ਮੇਰੇ ਲਈ ਬਹੁਤਾ ਅੰਤਰ ਨਹੀਂ ਹੋਵੇਗਾ । ਸੋ, ਹਕੀਕੀ ਮੋਮਿਨ ਦੀ ਇਹ ਸੋਚ ਹੁੰਦੀ ਹੈ ।

ਇਸ ਇਕ ਉਧਾਰਣ ਦਿੰਦਿਆਂ ਹੋਇਆਂ ਆਪ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸੁਣਾਇਆ ਕਰਦੇ ਸਨ ਕਿ ਇਕ ਇਸਤਰੀ ਕਿਸੇ ਵਿਆਹ ਵਿੱਚ ਸ਼ਾਮਲ ਹੋਈ ਉਹ ਕੰਜੂਸ ਇਸਤਰੀ ਸੀ ਪਰ ਉਸਦੀ ਭਰਜਾਈ ਹੌਂਸਲੇ ਵਾਲੀ ਸੀ । ਹੌਂਸਲੇ ਤੋਂ ਭਾਵ ਉਪਹਾਰ ਆਦਿ ਦੇਣ ਵਿੱਚ ਹੌਂਸਲਾ ਰਖੱਦੀ ਸੀ । ਉਸ ਇਸਤਰੀ ਨੇ ਉਸ ਵਿਆਹ ਵਿੱਚ ਇਕ ਰੁਪਈਆ ਉਪਹਾਰ ਵੱਜੋਂ ਦਿੱਤਾ ਪਰ ਉਸ ਦੀ ਭਰਜਾਈ ਨੇ ਵੀਹ ਰੁਪਏ ਦਿਤੇ । ਜੱਦ ਉਹ ਵਾਪਸ ਪਰਤੀਆਂ ਤਾਂ ਕਿਸੇ ਨੇ ਉਸ ਕੰਜੂਸ ਇਸਤਰੀ ਨੂੰ ਪੁੱਛਿਆ ਕਿ ਤੁਸੀਂ ਵਿਆਹ'ਤੇ ਕੀ ਖਰਚਿਆ ਤਾਂ ਉਸ ਨੇ ਕਿਹਾ ਕਿ ਮੈਂ ਅਤੇ ਭਰਜਾਈ ਨੇ ਇੱਕੀ ਰੁਪਏ ਦਿੱਤੇ । ਆਪ ਫ਼ਰਮਾਉਂਦੇ ਹਨ ਕੁਝ ਲੋਕ ਹਨ ਕੁਝ ਜਮਾਤਾਂ ਵਿੱਚ ਉਹ ਬਹੁਤ ਵੱਧ ਚੜ੍ਹਕੇ ਚੰਦਾ ਦਿੰਦੇ ਹਨ । ਉਹਨਾਂ ਦੇ ਵਿਸ਼ੇਸ਼ ਚੰਦਿਆਂ ਨੂੰ ਜਮਾਤਾਂ ਦਾ

ਆਪਣੀ ਵੱਲ ਮੜ੍ਹ ਲੈਂਣਾ ਅਜਿਹਾ ਹੀ ਹੈ ਜਿਵੇਂ ਉਸ ਕੰਜੂਸ ਇਸਤਰੀ ਦਾ ਇਹ ਕਹਿਣਾ ਕਿ ਮੈਂ ਤੇ ਭਰਜਾਈ ਨੇ ਇੱਕੀ ਰੁਪਏ ਦਿੱਤੇ ਸਨ । ਪਰ ਕੁਝ ਅਜਿਹੇ ਵੀ ਹਨ ਅਮੀਰ ਲੋਕ ਜੋ ਕੰਜੂਸ ਹੁੰਦੇ ਹਨ ਅਤੇ ਜਮਾਤਾਂ ਦੇ ਸਾਮੂਹਿਕ ਚੰਦੇ ਨੂੰ ਆਪਣੀ ਵੱਲ ਮੜ੍ਹ ਲੈਂਦੇ ਹਨ । ਇਹ ਵੀ ਉਧਾਰਣਾਵਾਂ ਸਾਹਮਣੇ ਆਉਂਦੀਆਂ ਹਨ । ਜੇਕਰ ਅਪਣੀ ਵੱਲ ਮੜ੍ਹਦੇ ਨਹੀਂ ਤਾਂ ਦਿਖਾਵਾ ਜ਼ਰੂਰ ਕਰਦੇ ਹਨ ਜਿਵੇਂ ਕਿ ਸਾਡੀ ਜਮਾਤ ਨੇ ਐਨ੍ਹਾ ਚੰਦਾ ਦਿੱਤਾ, ਜਿਵੇਂ ਉਹਨਾਂ ਦੀ ਜਮਾਤ ਵਿੱਚੋਂ ਸਭ ਤੋਂ ਵੱਧ ਚੰਦਾ ਦੇਣ ਵਾਲੇ ਉਹੋ ਸਨ ਜੱਦ ਕਿ ਅਧਿਕਤਾ ਉਹਨਾਂ ਵਿੱਚੋਂ ਉਹ ਹੁੰਦੀ ਹੈ ਜੋ ਗ਼ਰੀਬ ਹੁੰਦੇ ਹਨ ਜਿੰਨ੍ਹਾ ਨੇ ਚੰਦਾ ਦਿੱਤਾ ਅਤੇ ਅਮੀਰ ਉਸ ਦੀ ਤੁਲਨਾ ਵਿੱਚ ਨਹੀਂ ਦੇ ਰਹੇ ਹੁੰਦੇ ।

ਇਕ ਵਾਰ ਖੇਡਾਂ ਵਿੱਚ ਕੁਝ ਗ਼ਲਤ ਗਲੱਾਂ ਹੋਈਆਂ ਧਰਮ ਦਾ ਖ਼ਿਆਲ ਨਹੀਂ ਰੱਖਿਆ ਗਿਆ, ਜਮਾਤ ਦੀਆਂ ਰਿਵਾਇਤਾਂ ਦਾ ਧਿਆਨ ਨਹੀਂ ਰੱਖਿਆ ਗਿਆ ਇਸ'ਤੇ ਸੁਚੇਤ ਕਰਦਿਆਂ ਹੋਇਆਂ ਆਪ ਨੇ ਫ਼ਰਮਾਇਆ ਕਿ ਦੇਖੋ ਹਾਸਾ ਮਖ਼ੌਲ ਕਰਨਾ ਜਾਇਜ਼ ਹੈ ਮਨਾ ਨਹੀਂ ਹੈ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਵੀ ਮਖ਼ੌਲ ਕਰਿਆ ਕਰਦੇ ਸਨ ਹਜ਼ਰਤ ਮਸੀਹ ਮੌਊਦ ਅਲਹਿ ਸਲਾਮ ਵੀ ਮਖ਼ੌਲ ਕਰਿਆ ਕਰਦੇ ਸਨ ਅਸੀਂ ਵੀ ਹਾਸਾ ਮਜ਼ਾਕ ਕਰ ਲੈਂਦੇ ਹਾਂ ਅਸੀਂ ਨਹੀਂ ਕਹਿੰਦੇ ਕਿ ਅਸੀਂ ਹਾਸਾ ਮਜ਼ਾਕ ਨਹੀਂ ਕਰਦੇ । ਅਸੀਂ ਸੌ ਵਾਰੀ ਹਾਸਾ ਮਜ਼ਾਕ ਕਰਦੇ ਹਾਂ ਪਰ ਆਪਣੇ ਬੱਚਿਆਂ ਨਾਲ ਕਰਦੇ ਹਾਂ ਆਪਣੀਆਂ ਪਤਨੀਆਂ ਨਾਲ ਕਰਦੇ ਹਾਂ ਆਪਣੇ ਨਾਲ ਨੇੜਤਾ ਰਖੱਣ ਵਾਲਿਆਂ ਨਾਲ ਕਰਦੇ ਹਾਂ ਪਰ ਇਉਂ ਨਹੀਂ ਕਿ ਇਸ ਵਿੱਚ ਕਿਸੇ ਦੀ ਹੇਠੀ ਦਾ ਰੂਪ ਹੋਵੇ ਜੇਕਰ ਕਿਸੇ ਦੀ ਹੇਠੀ ਦਾ ਰੂਪ ਹੋਵੇ ਉਸ ਦਾ ਸਨਮਾਨ ਪ੍ਰਭਾਵਤ ਹੁੰਦਾ ਹੋਵੇ ਤਾਂ ਅਜਿਹਾ ਮਖ਼ੌਲ ਠੀਕ ਨਹੀਂ ਹੈ । ਜੇਕਰ ਅਜਿਹੀ ਗੱਲ ਮੂੰਹੋ ਨਿਕਲ ਜਾਵੇ ਜਿਸ ਵਿੱਚ ਹੇਠੀ ਦਾ ਰੂਪ ਹੋਵੇ ਤਾਂ ਇਸਤਗ਼ਫ਼ਾਰ ਕਰਦੇ ਹਨ ਅਤੇ ਹਰ ਇਕ ਨੂੰ ਕਰਨਾ ਚਾਹੀਦਾ ਹੈ । ਮੈਂ ਤੁਹਾਨੂੰ ਹਾਸੇ ਤੋਂ ਨਹੀਂ ਰੋਕਦਾ ਮੈਂ ਇਹ ਕਹਿੰਦਾ ਹਾਂ ਕਿ ਹਾਸੇ ਵਿੱਚ ਐਨ੍ਹਾ ਨ ਵਧੋ ਕਿ ਜਿਸ ਵਿੱਚ ਜਮਾਤ ਦੀ ਬਦਨਾਮੀ ਹੋਵੇ । ਹੁਣ ਦੁਨੀਆ ਵਿੱਚ ਹਰ ਥਾਂ ਕੇਵਲ ਜਮਾਤੀ ਤੌਰ'ਤੇ ਵੀ ਕੇਵਲ ਕਾਦੀਆਂ ਜਾਂ ਰਬਵੇ ਦੀ ਗੱਲ ਨਹੀਂ ਹੈ ਬਾਕੀ ਥਾਵਾਂ ਉਪੱਰ ਵੀ ਖੇਡਾਂ ਹੁੰਦੀਆਂ ਹਨ ਜਮਾਤੀ ਤੌਰ'ਤੇ ਆਰਗੇਨਾਈਜ਼ ਹੁੰਦੀਆਂ ਹਨ ਓਥੇ ਜੇਕਰ ਕੋਈ ਅਜੀਹੀਆਂ ਗੱਲਾਂ ਹੋਣਗੀਆਂ ਤਾਂ ਜਮਾਤ ਕਈ ਵਾਰ ਬਦਨਾਮ ਹੁੰਦੀ ਹੈ ਇਸ ਲਈ ਹਰ ਥਾਂ ਇਹਨਾਂ ਗਲੱਾਂ ਦੀ ਸਾਵਧਾਨੀ ਰਖੱਣੀ ਚਾਹੀਦੀ ਹੈ ।

ਸੋ, ਸਾਡੇ ਅਮਲਾਂ ਵਿੱਚ ਇਸ ਗੱਲ ਦਾ ਦਿਖਾਵਾ ਹੋਣਾ ਚਾਹੀਦਾ ਹੈ ਕਿ ਭਾਵੇਂ ਉਹ ਖੇਡਾਂ ਹਨ ਜਾਂ ਮਨੋਰੰਜਨ ਹੈ ਜਾਂ ਮੁਸ਼ਾਇਰੇ ਹਨ ਕਿ ਅਸੀਂ ਜਮਾਤ ਦੇ ਵਕਾਰ ਨੂੰ ਢਾਹ ਨਹੀਂ ਲਗੱਣ ਦੇਣੀ ਇਸ ਦੇ ਸਨਮਾਨ ਦਾ ਹਮੇਸ਼ਾਂ ਹੀ ਖ਼ਿਆਲ ਰਖੱਣਾ ਹੈ ਇਸ ਦੇ ਵਕਾਰ ਨੂੰ ਚੁਕੱਣਾ ਹੈ । ਸੋ, ਇਹ ਜੋ ਕੁਝ ਗੱਲਾਂ ਹਨ ਮੈਂ ਆਖੀਆਂ ਹਨ ਸਿੱਖਿਆ ਯੋਗ ਹਨ ਇਹਨਾਂ ਗਲੱਾਂ ਦਾ ਖ਼ਿਆਲ ਰਖੱਣਾ ਚਾਹੀਦਾ ਹੈ ।

**Khulasa Khutba 08.07.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131